MOHALI

# SSP carries out checks at drunken driving nakas again

EXPRESS NEWS SERVICE
MOHALI, JULY 30

SENIOR SUPERINTENDENT of police (SSP) Kuldeep Singh Chahal again carried out a surprise checking in different parts of the city on Saturday night.

The SSP visited the drunken driving nakas in the city and checked the alcohol meters and also directed the officers to be tough on drunk drivers. The SSP visited the nakas in Phase 3B2, Phase 1 and Phase VII.

The SSP said he received complaints about heavy rush in Phase 3B2 and Phase VII markets and also came to know that some people drink inside their vehicles in the market areas.

"After the complaints, I personally visited the markets. Though we did not find anyone drinking the cars, I have directed the officers concerned to keep a tab on such people and take appropriate action against them. They create nuisance and we are not going to tolerate any such thing in the city," the SSP said.

He further said he directed all the SHOs to visit the markets during the peak hours in the evening to instill a sense of security among the people, especially women.

The SSP also took a round of Phase 3B2 market, famous for eating joints and one of the busiest markets in the city.

The SSP also met some of the shopkeepers to know about their problems and also met some people who visited the market along with their families.



Mohali SSP Kuldeep Singh Chahal (left) with other police officers during late night checking in Mohali. *Express*

# Two men killed in separate accidents

EXPRESS NEWS SERVICE
MOHALI, JULY 30

TWO MEN were killed in separate road accidents in Derabassi on Sunday evening.

In one incident, a 25-year-old man identified as Ravinder Lambha was killed while his friend got critically injured when the Activa scooty they were riding on slipped near Sukhmani school in Derabassi.

Ravinder was a resident of Isapur village near Derabassi. He was driving the vehicle while his friend was riding the pillion. Both were rushed to a local hospital where Ravinder was declared brought dead and his friend is being given treatment.

The police said after rain, the roads became slippery, following which the Scooty skidded leading to the accident. They said that the victim was not wearing a helmet.

Till the filing of the report, the police were trying to contact the family of the victim.

In the second incident, an unidentified man, in his forties, was killed when his bike was hit by an unknown vehicle near the railway overbridge in Derabassi.

The accused who hit the victim fled the spot. The victim was rushed to the local civil hospital where he was declared brought dead.

According to the police, they could not find any identity card of the victim which could identify him. The victim's bike was bearing a Chandigarh registration number.

ਮੋਹਾਲੀ ਐੱਸ. ਐੱਸ. ਪੀ. ਨੇ ਕੀਤੀ ਡ੍ਰੰਕਨ ਡ੍ਰਾਈਵ ਦੀ ਜਾਂਚ

# ਨਾ ਰੋਹਬ ਚੱਲਿਆ, ਨਾ ਸਿਫਾਰਸ਼, ਕੱਟੇ ਚਲਾਨ



*ਡ੍ਰੰਕਨ ਡਰਾਈਵ ਦੇ ਨਾਕੇ 'ਤੇ ਪਹੁੰਚੇ ਐੱਸ. ਐੱਸ. ਪੀ. ਕੁਲਦੀਪ ਸਿੰਘ ਚਹਿਲ ਚੈਕਿੰਗ ਕਰਦੇ ਹੋਏ। (ਮੋਹਿਤ)*

ਮੋਹਾਲੀ, 30 ਜੁਲਾਈ (ਰਾਣਾ)-ਸ਼ਹਿਰ 'ਚ ਹੁਣ ਸ਼ਰਾਬ ਪੀ ਕੇ ਵਾਹਨ ਚਲਾਉਣ ਵਾਲਿਆਂ ਦੀ ਖੈਰ ਨਹੀਂ ਕਿਉਂਕਿ ਹੁਣ ਸ਼ਹਿਰ ਦੇ ਐੱਸ. ਐੱਸ. ਪੀ. ਕੁਲਦੀਪ ਸਿੰਘ ਚਹਿਲ ਖੁਦ ਡ੍ਰੰਕਨ ਡਰਾਈਵ ਦੇ ਨਾਕਿਆਂ ਦੀ ਚੈਕਿੰਗ ਕਰਨ ਲਈ ਸੜਕਾਂ 'ਤੇ ਉਤਰ ਗਏ ਹਨ। ਸ਼ਨੀਵਾਰ ਰਾਤ ਨੂੰ ਸ਼ਹਿਰ ਦੇ ਇਕ ਗੋਲਫ ਕਲੱਬ ਤੇ ਫੇਜ਼-3ਬੀ2 ਦੀ ਮਾਰਕੀਟ 'ਚ ਡਰੰਕਨ ਡਰਾਈਵ ਦੇ ਨਾਕੇ ਲਾਏ ਗਏ ਸਨ, ਜਿਥੇ ਐੱਸ. ਐੱਸ. ਪੀ. ਅਚਾਨਕ ਪਹੁੰਚ ਗਏ ਤੇ ਉਨ੍ਹਾਂ ਦੇ ਪੁੱਜਣ ਤੋਂ ਬਾਅਦ ਮੌਕੇ 'ਤੇ ਮੌਜੂਦ ਪੁਲਸ ਕਰਮਚਾਰੀ ਤੇ ਅਫਸਰ ਵੀ ਹੈਰਾਨ ਹੋ ਗਏ ਤੇ ਆਪਣੀ-ਆਪਣੀ ਡਿਊਟੀ ਠੀਕ ਤਰ੍ਹਾਂ ਕਰਨ ਲੱਗੇ। ਨਾਕੇ ਦੌਰਾਨ ਸ਼ਰਾਬ ਦੇ ਨਸ਼ੇ 'ਚ ਰੋਕੇ ਗਏ ਕਈ ਚਾਲਕਾਂ ਨੇ ਬਦਤਮੀਜ਼ੀ ਕੀਤੀ ਤਾਂ ਕਈਆਂ ਨੇ ਉੱਚ ਅਧਿਕਾਰੀਆਂ ਦਾ ਰੋਹਬ ਵਿਖਾਇਆ, ਜਿਸ 'ਤੇ ਐੱਸ. ਐੱਸ. ਪੀ. ਨੇ ਸਾਰੇ ਨਾਕਾ ਇੰਚਾਰਜਾਂ ਨੂੰ ਕਿਹਾ ਕਿ ਜੇਕਰ ਨਾਕੇ 'ਤੇ ਕੋਈ ਕਿਸੇ ਪੁਲਸ ਵਾਲੇ ਦਾ ਰਿਸ਼ਤੇਦਾਰ, ਨੇਤਾ ਦਾ ਨਜ਼ਦੀਕੀ ਜਾਂ ਫੋਨ 'ਤੇ ਕਿਸੇ ਨਾਲ ਗੱਲ ਕਰਾਉਣ ਦੀ ਧਮਕੀ ਦੇਵੇ ਤਾਂ ਉਸ 'ਤੇ ਬਣਦੀ ਕਾਰਵਾਈ ਕੀਤੀ ਜਾਵੇ, ਕਿਸੇ ਨੂੰ ਵੀ ਡਰਨ ਦੀ ਜ਼ਰੂਰਤ ਨਹੀਂ ਹੈ।

## ਆਈ. ਜੀ. ਦਾ ਰੋਹਬ ਵੀ ਨਹੀਂ ਆਇਆ ਕੰਮ

ਬੁੜੈਲ ਨਿਵਾਸੀ ਇੰਦਰਪਾਲ, ਜੋ ਕਿ ਮੂਲ ਰੂਪ ਤੋਂ ਪੰਜਾਬ ਦੇ ਜ਼ਿਲੇ ਸੰਗਰੂਰ ਦਾ ਰਹਿਣ ਵਾਲਾ ਹੈ, ਆਪਣੀ ਕਾਰ ਲੈ ਕੇ ਲੰਘ ਰਿਹਾ ਸੀ। ਨਾਕੇ 'ਤੇ ਤਾਇਨਾਤ ਪੁਲਸ ਕਰਮਚਾਰੀਆਂ ਨੇ ਉਸਦੀ ਕਾਰ ਰੋਕੀ ਤੇ ਕਾਰ ਚਾਲਕ ਇੰਦਰਪਾਲ ਦੇ ਸ਼ਰਾਬ ਪੀਤੇ ਹੋਣ ਦੀ ਪੁਸ਼ਟੀ ਕਰਨ ਲਈ ਉਸ ਨੂੰ ਐਲਕੋ ਸੈਂਸਰ ਨਾਲ ਚੈੱਕ ਕਰਨ ਲਈ ਉਸ ਨੂੰ ਫੂਕ ਮਾਰਨ ਲਈ ਕਿਹਾ, ਜਿਸ ਤੋਂ ਬਾਅਦ ਉਸਨੇ ਫੂਕ ਮਾਰਨ ਦੀ ਬਜਾਏ ਪੁਲਸ ਵਾਲਿਆਂ ਨੂੰ ਕਿਹਾ ਕਿ ਉਹ ਚੰਡੀਗੜ੍ਹ ਪੁਲਸ ਸੈਕਟਰ-9 ਦੇ ਪੁਲਸ ਹੈੱਡਕੁਆਰਟਰ 'ਚ ਆਈ. ਜੀ. ਦਫਤਰ 'ਚ ਆਪਰੇਟਰ ਹੈ। ਇੰਨੀ ਦੇਰ 'ਚ ਨਾਕੇ 'ਤੇ ਮੌਜੂਦ ਐੱਸ. ਆਈ. ਹਰਜੀਤ ਕੌਰ ਨੇ ਕਿਹਾ ਕਿ ਐਲਕੋ ਸੈਂਸਰ 'ਚ ਫੂਕ ਮਾਰੇ ਬਿਨਾਂ ਉਹ ਨਾਕੇ ਤੋਂ ਨਹੀਂ ਜਾ ਸਕਦਾ, ਜਿਸ ਤੋਂ ਬਾਅਦ ਅਖੀਰ 'ਚ ਕਾਰ ਚਾਲਕ ਨੂੰ ਫੂਕ ਮਾਰਨੀ ਹੀ ਪਈ ਤੇ ਉਸਦੇ ਸ਼ਰਾਬ ਪੀਣ ਦੀ ਪੁਸ਼ਟੀ ਹੋ ਗਈ। ਫਿਰ ਉਸ 'ਤੇ ਬਣਦੀ ਕਾਰਵਾਈ ਕੀਤੀ ਗਈ।

## ਜੱਜ ਦੀ ਗੱਡੀ ਵੀ ਨਹੀਂ ਬਖਸ਼ੀ

ਫੇਜ਼-3ਬੀ2 'ਚ ਲੱਗੇ ਡਰੰਕਨ ਡਰਾਈਵ ਨਾਕੇ 'ਤੇ ਇਕ ਗੱਡੀ ਰੋਕੀ ਗਈ ਤਾਂ ਪਤਾ ਲੱਗਾ ਕਿ ਉਸ 'ਚ ਮਾਣਯੋਗ ਜੱਜ ਸਵਾਰ ਸੀ, ਉਹ ਆਪਣੀ ਪ੍ਰਾਈਵੇਟ ਕਾਰ 'ਤੇ ਕਿਤੇ ਜਾ ਰਹੇ ਸਨ। ਉਨ੍ਹਾਂ ਨਾਲ ਕੋਈ ਗੰਨਮੈਨ ਨਹੀਂ ਸੀ, ਜਿਸ ਕਾਰਨ ਨਾਕੇ 'ਤੇ ਮੌਜੂਦ ਐੱਸ. ਆਈ. ਹਰਜੀਤ ਕੌਰ ਨੇ ਕਾਰ ਦੇ ਚਾਲਕ ਨੂੰ ਐਲਕੋ ਸੈਂਸਰ 'ਚ ਫੂਕ ਮਾਰਨ ਲਈ ਕਿਹਾ, ਜਿਸ 'ਤੇ ਕਾਰ ਵਿਚ ਬੈਠੇ ਜੱਜ ਸਾਹਿਬ ਨੇ ਆਪਣਾ ਆਈ ਕਾਰਡ ਵਿਖਾਇਆ ਪਰ ਮੌਜੂਦ ਪੁਲਸ ਵਾਲਿਆਂ ਨੇ ਕਿਹਾ 'ਨੋ ਸਰ, ਪਲੀਜ਼ ਕੋਆਪ੍ਰੇਟ ਕਰੋ', ਜਿਸ 'ਤੇ ਚਾਲਕ ਨੇ ਐਲਕੋ ਸੈਂਸਰ 'ਚ ਫੂਕ ਮਾਰੀ ਤਾਂ ਉਸਦੇ ਸ਼ਰਾਬ ਪੀਣ ਦੀ ਪੁਸ਼ਟੀ ਨਹੀਂ ਹੋਈ, ਜਿਸ ਤੋਂ ਬਾਅਦ ਉਨ੍ਹਾਂ ਨੂੰ ਜਾਣ ਦਿੱਤਾ ਗਿਆ।

## ਇਕ ਸ਼ਰਾਬੀ ਨੇ ਤਾਂ ਹੱਦ ਕਰ ਦਿੱਤੀ

ਜ਼ੋਨ-3 ਦੇ ਇੰਚਾਰਜ ਸਤਪਾਲ ਸਿੰਘ ਨੇ ਦੱਸਿਆ ਕਿ ਉਨ੍ਹਾਂ ਨੇ ਗੋਲਫ ਕਲੱਬ ਵਾਲੀ ਰੋਡ 'ਤੇ ਡਰੰਕਨ ਡਰਾਈਵ ਦਾ ਨਾਕਾ ਲਾਇਆ ਹੋਇਆ ਸੀ। ਉਸ ਦੌਰਾਨ ਉਨ੍ਹਾਂ ਨੇ ਇਕ ਵਿਅਕਤੀ ਨੂੰ ਰੋਕਿਆ, ਜਿਸਦੇ ਮੂੰਹ 'ਚੋਂ ਸ਼ਰਾਬ ਦੀ ਬਦਬੂ ਆ ਰਹੀ ਸੀ। ਜਦੋਂ ਮੁਲਾਜ਼ਮ ਐਲਕੋ ਸੈਂਸਰ ਨਾਲ ਉਸਦੀ ਸ਼ਰਾਬ ਪੀਣ ਦੀ ਪੁਸ਼ਟੀ ਕਰਨ ਲੱਗੇ ਤਾਂ ਉਹ ਕਹਿਣ ਲੱਗਾ ਕਿ ਉਹ ਨੇੜੇ ਹੀ ਚੰਡੀਗੜ੍ਹ ਸੈਕਟਰ-48 'ਚ ਰਹਿੰਦਾ ਹੈ, ਕਿਸੇ ਨੂੰ ਘਰੋਂ ਸੱਦ ਲੈਂਦੇ ਹਾਂ, ਉਹ ਫੂਕ ਮਾਰ ਦੇਵੇਗਾ ਜਿਸ 'ਤੇ ਪੁਲਸ ਉਸ ਨਾਲ ਸਖਤੀ ਨਾਲ ਪੇਸ਼ ਆਈ ਤੇ ਫਿਰ ਉਸਨੂੰ ਐਲਕੋ ਸੈਂਸਰ ਮੂੰਹ 'ਚ ਪਾਉਣ ਲਈ ਕਿਹਾ ਪਰ ਉਸਨੇ ਕਿਹਾ ਕਿ ਉਸਨੂੰ ਕੋਈ ਪ੍ਰਾਬਲਮ ਹੈ, ਉਹ ਫੂਕ ਨਹੀਂ ਮਾਰ ਸਕਦਾ ਪਰ ਅਖੀਰ 'ਚ ਫੂਕ ਮਾਰਨੀ ਹੀ ਪਈ ਤੇ ਉਸਦੇ ਸ਼ਰਾਬ ਪੀਣ ਦੀ ਪੁਸ਼ਟੀ ਹੋ ਗਈ, ਜਿਸ ਦੇ ਬਾਅਦ ਪੁਲਸ ਨੇ ਉਸ ਦੀ ਕਾਰ ਬਾਊਂਡ ਕਰ ਦਿੱਤੀ।



*ਐਲਕੋ ਸੈਂਸਰ ਨਾਲ ਇਕ ਵਿਅਕਤੀ ਦੀ ਚੈਕਿੰਗ ਕਰਦੇ ਪੁਲਸ ਕਰਮਚਾਰੀ। (ਮੋਹਿਤ)*

# ਪੁਲਸ ਨੇ ਕੀਤੀ ਵਾਹਨਾਂ ਦੀ ਚੈਕਿੰਗ

ਕੁਰਾਲੀ, 30 ਜੁਲਾਈ (ਬਠਲਾ)-ਐੱਸ. ਐੱਚ. ਓ. ਜਗਦੀਪ ਸਿੰਘ ਬਰਾੜ ਮਾਜਰੀ, ਥਾਣਾ ਮੁੱਲਾਂਪੁਰ ਰਵਿੰਦਰ ਪਾਲ, ਕੁਰਾਲੀ ਥਾਣਾ ਦੇ ਭਾਰਤ ਭੂਸ਼ਨ ਦੀ ਰਹਿਨੁਮਾਈ 'ਚ ਆਪਣੇ-ਆਪਣੇ ਇਲਾਕੇ 'ਚ ਸਪੈਸ਼ਲ ਨਾਕੇਬੰਦੀ ਕਰਦਿਆਂ ਪੁਲਸ ਕਰਮਚਾਰੀਆਂ ਨੇ ਵਾਹਨਾਂ ਦੀ ਜਾਂਚ ਕੀਤੀ।



*ਐੱਸ. ਐੱਚ. ਓ. ਜਗਦੀਪ ਸਿੰਘ ਬਰਾੜ ਤੇ ਪੁਲਸ ਕਰਮਚਾਰੀ ਵਾਹਨ ਦੀ ਜਾਂਚ ਕਰਦੇ ਹੋਏ। (ਅਜੈ)*

ਇਸ ਮੌਕੇ ਗੱਲਬਾਤ ਕਰਦਿਆਂ ਰਵਿੰਦਰਪਾਲ, ਭਾਰਤ ਭੂਸ਼ਨ ਤੇ ਜਗਦੀਪ ਬਰਾੜ ਨੇ ਕਿਹਾ ਕਿ ਇਲਾਕੇ 'ਚ ਅਮਨ-ਸ਼ਾਂਤੀ ਕਾਇਮ ਰੱਖਣ ਤੇ ਗਲਤ ਅਨਸਰਾਂ ਨੂੰ ਨੱਥ ਪਾਉਣ ਲਈ ਨਾਕੇਬੰਦੀ ਕਰਕੇ ਵਾਹਨਾਂ ਦੀ ਜਾਂਚ ਕੀਤੀ ਜਾ ਰਹੀ ਹੈ। ਇਸ ਦੌਰਾਨ ਪੁਲਸ ਕਰਮਚਾਰੀਆਂ ਨੇ ਚੰਡੀਗੜ੍ਹ ਤੋਂ ਆਉਣ ਵਾਲੇ ਹਰੇਕ ਵਾਹਨ ਦੀ ਜਾਂਚ ਕੀਤੀ। ਜ਼ਿਲਾ ਮੋਹਾਲੀ ਦੇ ਐੱਸ. ਐੱਸ. ਪੀ. ਕੁਲਦੀਪ ਸਿੰਘ ਚਾਹਲ ਖੁਦ ਹਰ ਨਾਕੇ 'ਤੇ ਜਾ ਕੇ ਸੁਰੱਖਿਆ ਵਿਵਸਥਾ ਦਾ ਜਾਇਜ਼ਾ ਲੈਂਦੇ ਰਹੇ ਤੇ ਟ੍ਰੈਫਿਕ ਪੁਲਸ ਨੂੰ ਜ਼ਿਲਾ ਪੁਲਸ ਮੁਖੀ ਨੇ ਵਿਸ਼ੇਸ਼ ਹਿਦਾਇਤਾਂ ਦਿੱਤੀਆਂ ਕਿ ਚੈਕਿੰਗ ਦੌਰਾਨ ਕਿਸੇ ਵੀ ਨਾਗਰਿਕ ਨੂੰ ਪ੍ਰੇਸ਼ਾਨ ਨਾ ਕੀਤਾ ਜਾਏ। ਕਈ ਵਾਰ ਐੱਸ. ਐੱਸ. ਪੀ. ਨੂੰ ਇਹ ਸ਼ਿਕਾਇਤਾਂ ਵੀ ਮਿਲੀਆਂ ਹਨ ਕਿ ਨਾਕਿਆਂ 'ਤੇ ਪੁਲਸ ਮੁਲਾਜ਼ਮ ਰਾਹਗੀਰਾਂ ਨਾਲ ਬੁਰਾ ਵਿਵਹਾਰ ਕਰਦੇ ਹਨ, ਜਿਸਦਾ ਨੋਟਿਸ ਲੈਂਦਿਆਂ ਸ਼ਨੀਵਾਰ ਨੂੰ ਐੱਸ. ਐੱਸ. ਪੀ. ਨੇ ਖੁਦ ਸੁਰੱਖਿਆ ਵਿਵਸਥਾ ਦੀ ਕਮਾਨ ਸੰਭਾਲੀ ਤੇ ਪੁਲਸ ਅਧਿਕਾਰੀਆਂ ਨੂੰ ਦਿਸ਼ਾ-ਨਿਰਦੇਸ਼ ਵੀ ਜਾਰੀ ਕੀਤੇ।

# ਦਿਨ-ਦਿਹਾੜੇ ਡਕੈਤੀ ਦੀ ਘਟਨਾ ਨੂੰ ਅੰਜਾਮ ਦੇਣ ਵਾਲਾ ਗ੍ਰਿਫ਼ਤਾਰ



ਐੱਸ.ਏ.ਐੱਸ. ਨਗਰ 'ਚ ਪੱਤਰਕਾਰ ਸੰਮੇਲਨ ਦੌਰਾਨ ਬੈਂਕ ਡਕੈਤੀ ਕਰਨ ਵਾਲੇ ਮੁਲਜ਼ਮ ਅਤੇ ਬਰਾਮਦ ਕੀਤੀ ਨਕਦੀ ਤੇ ਹਥਿਆਰ ਸਬੰਧੀ ਜਾਣਕਾਰੀ ਦਿੰਦੇ ਹੋਏ ਜ਼ਿਲ੍ਹਾ ਪੁਲਿਸ ਮੁਖੀ ਕੁਲਦੀਪ ਸਿੰਘ ਚਾਹਲ। *ਤਸਵੀਰ : ਅਮਰਜੀਤ ਸਿੰਘ*

ਐੱਸ.ਏ.ਐੱਸ. ਨਗਰ, 26 ਜੁਲਾਈ (ਕੇ. ਐੱਸ. ਰਾਣਾ)-ਇਥੋਂ ਦੇ ਉਦਯੋਗਿਕ ਖੇਤਰ ਫੇਜ਼-7 'ਚ ਪੈਂਦੇ ਸਟੇਟ ਬੈਂਕ ਆਫ਼ ਇੰਡੀਆ ਤੋਂ ਕੱਲ੍ਹ ਦਿਨ-ਦਿਹਾੜੇ 7 ਲੱਖ 67 ਹਜ਼ਾਰ 500 ਰੁ: ਦੀ ਡਕੈਤੀ ਦੇ ਮਾਮਲੇ 'ਚ ਸਥਾਨਕ ਪੁਲਿਸ ਵੱਲੋਂ ਮੁਲਜ਼ਮ ਨੂੰ ਕਾਬੂ ਕਰਨ 'ਚ ਸਫਲਤਾ ਹਾਸਲ ਕੀਤੀ ਗਈ ਹੈ। ਇਸ ਸਬੰਧੀ ਸੱਦੇ ਪੱਤਰਕਾਰ ਸੰਮੇਲਨ ਦੌਰਾਨ ਜ਼ਿਲ੍ਹਾ ਪੁਲਿਸ ਮੁਖੀ ਕੁਲਦੀਪ ਸਿੰਘ ਚਾਹਲ ਨੇ ਦੱਸਿਆ ਕਿ ਸਟੇਟ ਬੈਂਕ ਆਫ਼ ਇੰਡੀਆ ਤੋਂ ਇਸ ਵਿਅਕਤੀ ਵੱਲੋਂ 7 ਲੱਖ 67 ਹਜ਼ਾਰ 500 ਰੁ: ਲੁੱਟ ਲਏ ਗਏ ਸਨ, ਜਿਸ ਤੋਂ ਬਾਅਦ ਪੁਲਿਸ ਨੇ ਸੂਚਨਾ ਮਿਲਦੇ ਸਾਰੇ ਪੂਰੇ ਸ਼ਹਿਰ 'ਚ ਨਾਕਾਬੰਦੀ ਕਰਕੇ ਉਸ ਦੀ

## ਪੁਲਿਸ ਵੱਲੋਂ ਲੁੱਟ ਦੀ ਰਾਸ਼ੀ ਸਮੇਤ 32 ਬੋਰ ਦੀ ਪਿਸਤੌਲ ਤੇ ਕਾਰ ਬਰਾਮਦ

ਭਾਲ ਆਰੰਭ ਦਿੱਤੀ ਸੀ। ਉਨ੍ਹਾਂ ਦੱਸਿਆ ਕਿ ਇਸੇ ਦੌਰਾਨ ਸੰਨੀ ਇਨਕਲੇਵ ਦੇ ਵਸਨੀਕ ਮਨਜਿੰਦਰ ਸਿੰਘ ਪੁੱਤਰ ਜਸਵੰਤ ਸਿੰਘ ਨੇ ਕੰਟਰੋਲ ਰੂਮ ਵਿਖੇ ਫ਼ੋਨ ਕਰਕੇ ਆਪਣੀ ਕਾਰ ਖੋਹੇ ਜਾਣ ਦੀ ਸ਼ਿਕਾਇਤ ਕੀਤੀ ਗਈ। ਪੁਲਿਸ ਵੱਲੋਂ ਇਸ ਮਾਮਲੇ ਨੂੰ ਗੰਭੀਰਤਾ ਨਾਲ ਲੈਂਦਿਆਂ ਇਸ ਦੀ ਜਾਂਚ ਸ਼ੁਰੂ ਕਰ ਦਿੱਤੀ ਗਈ ਅਤੇ ਇਹ ਕਾਰ ਨਾਰਥ ਕੰਟਰੀ ਮਾਲ ਦੇ ਨੇੜਿਓਂ ਸ਼ੱਕੀ ਹਾਲਤ 'ਚ ਬਰਾਮਦ ਕਰ ਲਈ। ਉਨ੍ਹਾਂ ਦੱਸਿਆ ਕਿ ਪੁਲਿਸ ਅਤੇ ਫੋਰੈਂਸਿਕ ਲੈਬ ਦੀਆਂ ਟੀਮਾਂ ਨੇ ਜਦੋਂ ਇਸ ਦੀ ਗਹਿਰਾਈ ਨਾਲ ਜਾਂਚ ਸ਼ੁਰੂ ਕੀਤੀ ਤਾਂ ਸਾਹਮਣੇ ਆਇਆ ਕਿ ਮਨਜਿੰਦਰ ਸਿੰਘ ਹੀ ਬੈਂਕ ਡਕੈਤੀ ਦੀ ਕਾਰਵਾਈ ਤੋਂ ਆਪਣੇ ਆਪ ਨੂੰ

(ਬਾਕੀ ਸਫ਼ਾ 6 'ਤੇ)

# ਮੁਹਾਲੀ ਵਿੱਚ 'ਤੀਜਾ ਨੇਤਰ' ਰੱਖੇਗਾ ਅਪਰਾਧਾਂ 'ਤੇ ਨਿਗਰਾਨੀ

## ਸ਼ਹਿਰ ਦੀਆਂ ਵੱਖ-ਵੱਖ ਮਾਰਕੀਟਾਂ ਵਿੱਚ ਵੀ ਸੀਸੀਟੀਵੀ ਕੈਮਰੇ ਲਾਉਣ ਦੀ ਤਿਆਰੀ: ਐਸਐਸਪੀ

**ਪੁਲੀਸ ਨੇ ਲੋਕਾਂ ਤੋਂ ਮੰਗਿਆ ਸਹਿਯੋਗ**

ਦਰਸ਼ਨ ਸਿੰਘ ਸੋਢੀ

ਐਸਏਐਸ ਨਗਰ (ਮੁਹਾਲੀ), 18 ਅਗਸਤ

ਪੰਜਾਬ ਦੀ ਰਾਜਧਾਨੀ ਚੰਡੀਗੜ੍ਹ ਦੀ ਜੂਹ ਵਿੱਚ ਵਸਦੇ ਆਈਟੀ ਸਿਟੀ ਮੁਹਾਲੀ ਵਿੱਚ ਅਪਰਾਧੀਆਂ 'ਤੇ ਤਿੱਖੀ ਨਜ਼ਰ ਰੱਖਣ ਲਈ ਸਮੂਹ ਐਂਟਰੀ ਪੁਆਇੰਟਾਂ ਸਮੇਤ ਪ੍ਰਮੁੱਖ ਚੌਕਾਂ 'ਤੇ ਸੀਸੀਟੀਵੀ ਕੈਮਰੇ ਲਾਉਣ ਨੂੰ ਲੈ ਕੇ ਮੁਹਾਲੀ ਨਗਰ ਨਿਗਮ, ਗਮਾਡਾ ਅਤੇ ਪੁਲੀਸ ਅਧਿਕਾਰੀਆਂ ਵਿੱਚ ਆਪਸੀ ਤਾਲਮੇਲ ਨਾ ਹੋਣ ਕਾਰਨ ਵੱਖ ਵੱਖ ਅਦਾਰੇ ਆਪੋ ਆਪਣੀ ਡੱਫ਼ਲੀ ਵਜਾ ਰਹੇ ਹਨ।



ਜਾਣਕਾਰੀ ਅਨੁਸਾਰ ਲਗਾਤਾਰ ਸਟਰੀਟ ਕਰਾਈਮ ਵਧਣ ਕਾਰਨ ਚਿੰਤਤ ਮੁਹਾਲੀ ਪੁਲੀਸ, ਗਮਾਡਾ ਅਤੇ ਨਗਰ ਨਿਗਮ ਨੇ ਦੋ ਸਾਲ ਪਹਿਲਾਂ ਸ਼ਹਿਰ ਵਿੱਚ ਸੀਸੀਟੀਵੀ ਕੈਮਰੇ ਲਾਉਣ ਦੀ ਯੋਜਨਾ ਉਲੀਕੀ ਸੀ। ਫਰਵਰੀ-2011 ਵਿੱਚ ਪੰਜਾਬ ਪਾਵਰਕੌਮ ਦੇ ਗੈਸਟ ਹਾਉਸ ਵਿੱਚ ਤਤਕਾਲੀ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਦੀ ਪ੍ਰਧਾਨਗੀ ਹੇਠ ਹੋਈ ਮੀਟਿੰਗ ਵਿੱਚ ਸੀਸੀਟੀਵੀ ਕੈਮਰੇ ਲਾਉਣ ਦਾ ਫ਼ੈਸਲਾ ਲਿਆ ਗਿਆ ਸੀ।

ਮੁਹਾਲੀ ਦੇ ਐਸਐਸਪੀ ਕੁਲਦੀਪ ਸਿੰਘ ਚਾਹਲ ਨੇ ਦੱਸਿਆ ਕਿ ਹੁਣ ਤੱਕ ਮੁਹਾਲੀ ਸਮੇਤ ਸਮੁੱਚੇ ਜ਼ਿਲ੍ਹੇ ਵਿੱਚ ਵੱਖ-ਵੱਖ ਥਾਵਾਂ 'ਤੇ 60 ਹਾਈ ਕੁਆਲਟੀ ਸੀਸੀਟੀਵੀ ਕੈਮਰੇ ਲਾਏ ਜਾ ਚੁੱਕੇ ਹਨ ਅਤੇ 15 ਹੋਰ ਥਾਵਾਂ 'ਤੇ ਜਲਦੀ ਹੀ ਸੀਸੀਟੀਵੀ ਕੈਮਰੇ ਲਾਏ ਜਾਣਗੇ। ਉਨ੍ਹਾਂ ਦੱਸਿਆ ਕਿ ਮੁਹਾਲੀ ਏਅਰਪੋਰਟ ਰੋਡ, ਬੱਸ ਅੱਡਾ ਮੁਹਾਲੀ, ਫੇਜ਼-7 ਦੀਆਂ ਟਰੈਫਿਕ ਲਾਇਟਾਂ, ਫੇਜ਼-6 ਟੀ ਪੁਆਇੰਟ, ਜ਼ੀਰਕਪੁਰ, ਖਰੜ, ਕੁਰਾਲੀ, ਡੇਰਾਬਸੀ ਸਮੇਤ ਹੋਰਨਾਂ ਵੱਖ-ਵੱਖ ਥਾਵਾਂ 'ਤੇ ਇਹ ਹਾਈ ਰੈਜ਼ੋਲੂਸ਼ਨ ਕੈਮਰੇ ਲਾਏ ਗਏ ਹਨ।

ਐਸਐਸਪੀ ਨੇ ਦੱਸਿਆ ਕਿ ਇਹ ਕੈਮਰੇ ਟਰੈਫ਼ਿਕ ਨਿਯਮਾਂ ਦੀ ਉਲੰਘਣਾ ਕਰਨ ਵਾਲਿਆਂ 'ਤੇ ਵੀ ਨਜ਼ਰ ਰੱਖਣ ਲਈ ਸਹਾਈ ਹੋਣਗੇ। ਉਨ੍ਹਾਂ ਲੋਕਾਂ ਦੇ ਸਹਿਯੋਗ ਦੀ ਮੰਗ ਕਰਦਿਆਂ ਕਿਹਾ ਕਿ ਜੇਕਰ ਕਿਸੇ ਵੀ ਮਾੜੇ ਅਨਸਰ ਦੀ ਸੂਚਨਾ ਮਿਲਦੀ ਹੈ ਤਾਂ ਤੁਰੰਤ ਨੇੜਲੇ ਥਾਣੇ ਵਿੱਚ ਸੂਚਨਾ ਦਿੱਤੀ ਜਾਵੇ।

### ਕੀ ਕਹਿੰਦੇ ਨੇ ਮੁਹਾਲੀ ਦੇ ਮੇਅਰ



ਮੁਹਾਲੀ ਦੇ ਮੇਅਰ ਕੁਲਵੰਤ ਸਿੰਘ ਨੇ ਦੱਸਿਆ ਕਿ ਕੁੱਝ ਸਮਾਂ ਪਹਿਲਾਂ ਸ਼ਹਿਰ ਵਿੱਚ ਸੀਸੀਟੀਵੀ ਕੈਮਰੇ ਲਾਉਣ ਲਈ ਲਗਪਗ 125 ਥਾਵਾਂ ਦੀ ਚੋਣ ਕੀਤੀ ਗਈ ਸੀ, ਪਰ ਬਾਅਦ ਵਿੱਚ ਦੂਜੇ ਵਿਭਾਗਾਂ ਨੇ ਨਿਗਮ ਨਾਲ ਤਾਲਮੇਲ ਨਹੀਂ ਕੀਤਾ। ਉਨ੍ਹਾਂ ਦੱਸਿਆ ਕਿ ਮੁਹਾਲੀ ਨਿਗਮ ਵੱਲੋਂ ਸੈਕਟਰ-74 ਤੋਂ ਏਅਰਪੋਰਟ ਤੱਕ ਸੜਕ 'ਤੇ ਹਾਈ ਰੈਜ਼ੋਲੂਸ਼ਨ ਸੀਸੀਟੀਵੀ ਕੈਮਰੇ ਲਾਏ ਜਾ ਰਹੇ ਹਨ। ਇਨ੍ਹਾਂ ਕੈਮਰਿਆਂ ਦੀ ਮਦਦ ਨਾਲ 50 ਕਿੱਲੋਮੀਟਰ ਪ੍ਰਤੀ ਘੰਟੇ ਦੀ ਰਫ਼ਤਾਰ 'ਤੇ ਚੱਲਣ ਵਾਲੇ ਵਾਹਨ ਦੀ ਨੰਬਰ ਪਲੇਟ ਤੱਕ ਪੜ੍ਹੀ ਜਾ ਸਕੇਗੀ। ਉਨ੍ਹਾਂ ਕਿਹਾ ਕਿ ਜੇਕਰ ਪੁਲੀਸ ਵਿਭਾਗ ਤਾਲਮੇਲ ਕਰਕੇ ਚੱਲੇ ਤਾਂ ਨਗਰ ਨਿਗਮ ਆਪਣੇ ਖ਼ਰਚੇ 'ਤੇ ਪੂਰੇ ਸ਼ਹਿਰ ਵਿੱਚ ਸੀਸੀਟੀਵੀ ਕੈਮਰੇ ਲਾਉਣ ਲਈ ਤਿਆਰ ਹੈ।



ਪੀ. ਸੀ. ਏ. ਸਟੇਡੀਅਮ ਵਿਖੇ ਐੱਸ. ਏ. ਐੱਸ. ਨਗਰ ਸ਼ਹਿਰ ਲਈ ਪੈਦਲ ਪੈਟਰੋਲਿੰਗ ਟੀਮਾਂ ਨੂੰ ਹਰੀ ਝੰਡੀ ਦਿਖਾ ਕੇ ਰਵਾਨਾ ਕਰਦੇ ਹੋਏ ਡੀ. ਆਈ. ਜੀ. ਰੂਪਨਗਰ ਬਾਬੂ ਲਾਲ ਮੀਨਾ, ਨਾਲ ਖੜ੍ਹੇ ਜ਼ਿਲ੍ਹਾ ਪੁਲਿਸ ਮੁਖੀ ਕੁਲਦੀਪ ਸਿੰਘ ਚਾਹਲ ਤੇ ਹੋਰ। ਤਸਵੀਰ : ਅਮਰਜੀਤ ਸਿੰਘ

# ਪੈਦਲ ਪੈਟਰੋਲਿੰਗ ਸ਼ਹਿਰ 'ਚ ਕ੍ਰਾਈਮ ਨੂੰ ਠੱਲ੍ਹ ਪਾਉਣ ਵਿਚ ਹੋਵੇਗੀ ਸਹਾਈ-ਡੀ. ਆਈ. ਜੀ.

ਐੱਸ. ਏ. ਐੱਸ. ਨਗਰ, 16 ਅਕਤੂਬਰ (ਜਸਬੀਰ ਸਿੰਘ ਜੱਸੀ)- ਪੰਜਾਬ ਪੁਲਿਸ ਵਲੋਂ ਇਕ ਹੋਰ ਪਹਿਲਕਦਮੀ ਕਰਦਿਆਂ ਰਾਜ ਵਿਚ ਪੈਦਲ ਪੈਟਰੋਲਿੰਗ ਸ਼ੁਰੂ ਕਰਦਿਆਂ ਪਹਿਲੇ ਪੜਾਅ ਲਈ ਜ਼ਿਲ੍ਹਾ ਐੱਸ. ਏ. ਐੱਸ. ਨਗਰ, ਪਟਿਆਲਾ, ਬਠਿੰਡਾ, ਅੰਮ੍ਰਿਤਸਰ, ਜਲੰਧਰ, ਲੁਧਿਆਣਾ ਵਿਖੇ ਸ਼ੁਰੂਆਤ ਕੀਤੀ ਗਈ ਹੈ। ਇਸ ਗੱਲ ਦਾ ਖ਼ੁਲਾਸਾ ਡੀ. ਆਈ. ਜੀ. ਰੂਪਨਗਰ ਰੇਂਜ ਬਾਬੂ ਲਾਲ ਮੀਨਾ ਨੇ ਮੁਹਾਲੀ ਵਿਖੇ ਪੈਦਲ ਪੈਟਰੋਲਿੰਗ ਟੀਮਾਂ ਨੂੰ ਹਰੀ ਝੰਡੀ ਦਿਖਾਉਣ ਤੋਂ ਪਹਿਲਾਂ ਸੱਦੀ ਪ੍ਰੈੱਸ ਕਾਨਫ਼ਰੰਸ ਦੌਰਾਨ ਕੀਤਾ। ਉਨ੍ਹਾਂ ਦੱਸਿਆ ਕਿ ਮੁਹਾਲੀ ਸ਼ਹਿਰ ਲਈ 5 ਟੀਮਾਂ ਬਣਾਈਆਂ ਗਈਆਂ ਹਨ ਅਤੇ ਹਰੇਕ ਥਾਣੇ ਵਿਚ ਇਕ-ਇਕ ਟੀਮ ਦਾ ਗਠਨ ਕੀਤਾ ਗਿਆ ਹੈ ਤੇ ਹਰੇਕ ਟੀਮ ਵਿਚ 5 ਪੁਲਿਸ ਕਰਮਚਾਰੀ ਸ਼ਾਮਿਲ ਕੀਤੇ ਗਏ ਹਨ ਅਤੇ ਟੀਮ ਦੇ ਇੰਚਾਰਜ ਏ. ਐੱਸ. ਆਈ. ਰੈਂਕ ਦਾ ਪੁਲਿਸ ਕਰਮਚਾਰੀ ਹੋਵੇਗਾ। ਉਨ੍ਹਾਂ ਦੱਸਿਆ ਕਿ ਮੁਹਾਲੀ ਸ਼ਹਿ[illegible] ਇਹ 5 ਟੀਮਾਂ ਭੀੜ ਭੜੱਕੇ ਵਾਲੀਆਂ ਥਾਵਾਂ ਜਿਨ੍ਹਾਂ ਵਿਚ ਮਾਰਕੀਟਾਂ ਆਦਿ ਸ਼ਾਮਿਲ ਹਨ, ਵਿਖੇ ਸਵੇਰੇ 9 ਤੋਂ 11 ਵਜੇ ਅਤੇ ਸ਼ਾਮ ਨੂੰ 6 ਤੋਂ 8 ਵਜੇ ਤੱਕ ਰੋਜ਼ਾਨਾ ਪੈਦਲ ਪੈਟਰੋਲਿੰਗ ਕਰਿਆ ਕਰਨਗੀਆਂ।

**ਸ਼ਹਿਰ 'ਚ ਪੈਦਲ ਪੈਟਰੋਲਿੰਗ ਦੀਆਂ 5 ਟੀਮਾਂ ਨੂੰ ਹਰੀ ਝੰਡੀ ਦਿਖਾ ਕੇ ਕੀਤਾ ਰਵਾਨਾ**

ਅਮਨ-ਕਾਨੂੰਨ ਦੀ ਵਿਵਸਥਾ ਨੂੰ ਕਾਇਮ ਰੱਖਣ ਦੇ ਨਾਲ-ਨਾਲ ਪੈਦਲ ਪੈਟਰੋਲਿੰਗ ਸ਼ਹਿਰ 'ਚ ਕ੍ਰਾਈਮ, ਝਪਟਮਾਰੀ ਅਤੇ ਹੋਰ ਛੋਟੀਆਂ ਘਟਨਾਵਾਂ ਨੂੰ ਠੱਲ੍ਹ ਪਾਉਣ ਵਿਚ ਬੇਹੱਦ ਸਹਾਈ ਹੋਵੇਗੀ ਅਤੇ ਇਨ੍ਹਾਂ ਟੀਮਾਂ ਨਾਲ ਜਿੱਥੇ ਕ੍ਰਾਈਮ ਘਟੇਗਾ, ਉੱਥੇ ਨਸ਼ਿਆਂ ਦੇ ਸੌਦਾਗਰਾਂ ਅਤੇ ਮਾੜੇ ਅਨਸਰਾਂ 'ਤੇ ਨਿਗਾਹ ਰੱਖਣ ਦੇ ਨਾਲ-ਨਾਲ ਪੁਲਿਸ ਦੀਆਂ ਗਤੀਵਿਧੀਆਂ ਵਿਚ ਵਾਧੇ ਲਈ ਬੇਹੱਦ ਸਹਾਈ ਹੋਣਗੀਆਂ ਅਤੇ ਪੁਲਿਸ ਦੇ ਇੰਟੈਲੀਜੈਂਸ ਵਿੰਗ ਲਈ ਵੀ ਕਾਰਗਰ ਸਾਬਤ ਹੋਣਗੀਆਂ। ਇਸ ਮੌਕੇ ਜ਼ਿਲ੍ਹਾ ਪੁਲਿਸ ਮੁਖੀ ਕੁਲਦੀਪ ਸਿੰਘ ਚਾਹਲ, ਐੱਸ. ਪੀ. ਸਿਟੀ ਜਗਜੀਤ ਸਿੰਘ ਜੱਲਾ, ਡੀ. ਐੱਸ. ਪੀ. ਅਮਰੋਜ਼ ਸਿੰਘ ਸਮੇਤ ਹੋਰ ਪੁਲਿਸ ਅਧਿਕਾਰੀ ਵੀ ਮੌਜੂਦ ਸਨ।

# ਇਕ ਗੈਂਗਸਟਰ ਸਣੇ 5 ਮੁਲਜ਼ਮ ਹਥਿਆਰਾਂ ਸਮੇਤ ਗ੍ਰਿਫ਼ਤਾਰ

ਐੱਸ. ਏ. ਐੱਸ. ਨਗਰ, 27 ਜੂਨ (ਜਸਬੀਰ ਸਿੰਘ ਜੱਸੀ)-ਰਾਤ ਦੇ ਹਨੇਰੇ ਦਾ ਫਾਇਦਾ ਉਠਾਉਂਦੇ ਹੋਏ ਫੇਜ਼ 3ਬੀ2 ਦੀ ਜਿਊਲਰੀ ਸ਼ਾਪ ਦੇ ਗਾਰਡ ਤਿਲਕ ਰਾਜ ਨੂੰ ਜ਼ਖ਼ਮੀ ਕਰਕੇ ਗੰਨ ਲੁੱਟਣ ਦੇ ਮਾਮਲੇ 'ਚ ਇੱਕ ਨਾਮੀ ਗੈਂਗਸਟਰ ਸਮੇਤ 5 ਮੁਲਜ਼ਮਾਂ ਨੂੰ

**ਖੋਹੀਆਂ ਦੋ ਗੱਡੀਆਂ ਵੀ ਬਰਾਮਦ**

ਗ੍ਰਿਫ਼ਤਾਰ ਕਰਨ 'ਚ ਮੁਹਾਲੀ ਪੁਲਿਸ ਨੇ ਇੱਕ ਵੱਡੀ ਸਫ਼ਲਤਾ ਹਾਸਿਲ ਕੀਤੀ ਹੈ। ਉਕਤ ਮੁਲਜ਼ਮਾਂ ਦੀ ਪਹਿਚਾਣ ਗੈਂਗਸਟਰ ਬਲਜਿੰਦਰ ਸਿੰਘ ਬੂਚੀ ਵਾਸੀ ਪਿੰਡ ਭੱਬਾ-ਲੰਡਾ (ਫਿਰੋਜ਼ਪੁਰ), ਹਰਮਨਜੋਤ ਸਿੰਘ ਅਪੈਕਸ ਕਾਲੋਨੀ ਦੁਸਾਂਝ ਰੋਡ (ਮੋਗਾ), ਅਜੈ ਠਾਕੁਰ ਪਿੰਡ ਫਤਿਹਗੜ੍ਹ ਜ਼ਿਲ੍ਹਾ (ਹੁਸ਼ਿਆਰਪੁਰ), ਅਨੁਜ ਜੱਗਾ ਵਾਸੀ ਪਿੰਡ ਬਾਬਰਪੁਰ ਜ਼ਿਲ੍ਹਾ ਪਾਣੀਪਤ (ਹਰਿਆਣਾ) ਤੇ ਕਰਨ ਉਰਫ ਨੋਨੂੰ ਸੋਢੀ ਨਗਰ (ਮੋਗਾ) ਵਜੋਂ ਹੋਈ ਹੈ। ਇਸ ਸਬੰਧੀ ਜ਼ਿਲ੍ਹਾ ਪੁਲਿਸ ਮੁਖੀ ਕੁਲਦੀਪ ਸਿੰਘ ਚਾਹਲ ਨੇ ਦੱਸਿਆ ਕਿ ਐਸ. ਪੀ. ਡੀ. ਦੀ ਅਗਵਾਈ ਵਾਲੀ ਟੀਮ ਅਤੇ ਥਾਣਾ ਮਟੌਰ ਦੇ ਮੁਖੀ ਤਰਲੋਚਨ ਸਿੰਘ ਵੱਲੋਂ ਵਾਰਦਾਤ ਵਾਲੀ ਰਾਤ ਤੋਂ ਹੀ ਉਕਤ ਮੁਲਜ਼ਮਾਂ ਦਾ ਪਿੱਛਾ ਕੀਤਾ ਜਾ ਰਿਹਾ ਸੀ, ਪਰ ਮੁਲਜ਼ਮ ਹਰ ਰੋਜ਼ ਆਪਣਾ ਟਿਕਾਣਾ ਬਦਲ ਰਹੇ ਸਨ। ਉਕਤ ਮੁਲਜ਼ਮਾਂ ਕੋਲੋਂ ਮੁਹਾਲੀ ਵਿਚਲੇ ਜਿਊਲਰੀ ਸ਼ਾਪ ਦੇ ਗਾਰਡ ਤੋਂ ਖੋਹੀ ਹੋਈ ਸਿੰਗਲ ਬੈਰਲ ਗੰਨ, 19 ਕਾਰਤੂਸ, ਇੱਕ 12 ਬੋਰ ਪਿਸਟਲ ਤੇ ਪਿਸਟਲ ਦੇ 6 ਜ਼ਿੰਦਾ ਕਾਰਤੂਸ, 32 ਬੋਰ ਪਿਸਟਲ ਦੇ 3 ਕਾਰਤੂਸ, ਖੋਹੀ ਹੋਈ ਵਰਨਾ ਤੇ ਕਰੇਟਾ ਕਾਰ ਵੀ ਬਰਾਮਦ ਹੋ ਗਈਆਂ ਹਨ। ਉਕਤ ਮੁਲਜ਼ਮਾਂ ਨੂੰ ਮੁਹਾਲੀ ਦੀ ਇਕ ਅਦਾਲਤ ਨੇ 4 ਦਿਨ ਦੇ ਪੁਲਿਸ ਰਿਮਾਂਡ 'ਤੇ ਭੇਜ ਦਿੱਤਾ ਹੈ। ਪੁਲਿਸ ਮੁਤਾਬਕ ਬੂਚੀ ਤੇ ਹਰਮਨਜੋਤ ਨੇ ਮੁਹਾਲੀ ਵਾਲੀ ਵਾਰਦਾਤ ਨੂੰ ਅੰਜਾਮ ਦੇਣ ਤੋਂ ਬਾਅਦ ਮੋਗਾ ਜ਼ਿਲ੍ਹੇ 'ਚ ਡਾ: ਰਮਿੰਦਰ ਸ਼ਰਮਾ ਦੇ ਬੇਸਬਾਲ ਦਾ ਡੰਡਾ ਮਾਰ ਕੇ ਕਰੇਟਾ ਗੱਡੀ ਖੋਹੀ ਸੀ। ਡਾ: ਸ਼ਰਮਾ ਇਸ ਸਮੇਂ ਗੰਭੀਰ ਹਾਲਤ 'ਚ ਹਸਪਤਾਲ 'ਚ ਜ਼ੇਰੇ ਇਲਾਜ ਹਨ। ਪੁਲਿਸ ਮੁਤਾਬਕ ਉਕਤ ਮੁਲਜ਼ਮਾਂ ਨੇ ਕਾਰਾਂ ਖੋਹਣ ਤੋਂ ਬਾਅਦ ਅੱਗੇ ਵੇਚਣ ਦੀ ਯੋਜਨਾ ਬਣਾਈ ਹੋਈ ਸੀ। ਪੁਲਿਸ ਮੁਤਾਬਕ ਬਲਜਿੰਦਰ ਸਿੰਘ ਬੂਚੀ 'ਤੇ ਇਰਾਦਾ ਕਤਲ ਸਮੇਤ 10 ਦੇ ਕਰੀਬ ਵੱਖ-ਵੱਖ ਥਾਣਿਆਂ 'ਚ ਮਾਮਲੇ ਦਰਜ ਹਨ, ਜਦੋਂ ਕਿ ਹਰਮਨਜੋਤ ਸਿੰਘ 'ਤੇ ਵੀ ਇਰਾਦਾ ਕਤਲ ਸਮੇਤ 3 ਦੇ ਕਰੀਬ ਮਾਮਲੇ ਦਰਜ ਹਨ।



ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ 'ਚ ਜ਼ਿਲ੍ਹਾ ਪੁਲਿਸ ਮੁਖੀ ਕੁਲਦੀਪ ਸਿੰਘ ਚਾਹਲ ਗ੍ਰਿਫ਼ਤਾਰ ਕੀਤੇ ਗਏ ਮੁਲਜ਼ਮਾਂ ਸਬੰਧੀ ਜਾਣਕਾਰੀ ਦਿੰਦੇ ਹੋਏ ਅਤੇ ਪਿੱਛੇ ਖੜ੍ਹੇ ਪੰਜੇ ਮੁਲਜ਼ਮ। ਤਸਵੀਰ : ਅਮਰਜੀਤ ਰਤਨ

## ਪਿੰਡ ਦੇ ਸਰਪੰਚ ਤੇ ਗਗਨੇ ਨੂੰ ਮਾਰਨ ਦੀ ਸੀ ਤਿਆਰੀ

ਪੁਲਿਸ ਮੁਤਾਬਕ ਗੈਂਗਸਟਰ ਬੂਚੀ ਨੇ ਆਪਣੇ ਪਿੰਡ ਦੀ ਸਰਪੰਚੀ ਦੀ ਚੋਣ ਲੜੀ ਸੀ, ਪਰ ਉਹ ਹਾਰ ਗਿਆ ਅਤੇ ਗੁਰਪ੍ਰੀਤ ਸਿੰਘ ਪਿੰਡ ਦਾ ਸਰਪੰਚ ਬਣ ਗਿਆ ਸੀ। ਬੂਚੀ ਨੇ ਉਦੋਂ ਤੋਂ ਹੀ ਗੁਰਪ੍ਰੀਤ ਸਿੰਘ ਦਾ ਕਤਲ ਕਰਨ ਦੀ ਯੋਜਨਾ ਬਣਾਈ ਹੋਈ ਸੀ। ਉਧਰ ਮੁਲਜ਼ਮ ਹਰਮਨਜੋਤ ਸਿੰਘ ਨੂੰ ਉਸ ਦੇ ਪੁਰਾਣੇ ਦੁਸ਼ਮਣ ਰਹੇ ਗਗਨਦੀਪ ਸਿੰਘ ਉਰਫ ਗਗਨਾ ਨੇ ਬੁਰੀ ਤਰ੍ਹਾਂ ਕੁੱਟਿਆ ਸੀ ਅਤੇ ਉਸਦਾ ਬਦਲਾ ਲੈਣ ਲਈ ਹਰਮਨਜੋਤ ਨੇ ਗਗਨੇ ਨੂੰ ਮਾਰਨ ਦੀ ਯੋਜਨਾ ਬਣਾਈ ਸੀ। ਪੁਲਿਸ ਮੁਤਾਬਕ ਗਗਨੇ ਤੇ ਹਰਮਨ 'ਚ ਇਲਾਕੇ ਦੀ ਬਦਮਾਸ਼ੀ ਨੂੰ ਲੈ ਕੇ ਦੁਸ਼ਮਣੀ ਚੱਲ ਰਹੀ ਸੀ।

# ਥਾਣਾ ਸੋਹਾਣਾ ਦੀ ਇਮਾਰਤ ਲਈ ਕਰੀਬ ਇਕ ਕਰੋੜ ਰੁਪਏ ਵਿਭਾਗ ਵੱਲੋਂ ਰਿਲੀਜ਼-ਜ਼ਿਲ੍ਹਾ ਪੁਲਿਸ ਮੁਖੀ

ਐੱਸ. ਏ. ਐੱਸ. ਨਗਰ, 16 ਜੁਲਾਈ (ਜਸਬੀਰ ਸਿੰਘ ਜੱਸੀ)-ਕਈ ਸਾਲਾਂ ਤੋਂ ਸੈਕਟਰ-66 ਵਿਖੇ ਪੁਲਿਸ ਦੀ ਸਰਕਾਰੀ ਰਿਹਾਇਸ਼ (ਫਲੈਟਾਂ) 'ਚ ਚੱਲ ਰਹੇ ਥਾਣਾ ਸੋਹਾਣਾ ਦੀ ਪੱਕੀ ਆਪਣੀ ਬਿਲਡਿੰਗ ਸੈਕਟਰ-79 'ਚ

**• ਬਾਕੀ ਥਾਣਿਆਂ ਤੇ ਪੁਲਿਸ ਅਧਿਕਾਰੀਆਂ ਦੀ ਰਿਹਾਇਸ਼ ਵਾਲੀ ਜ਼ਮੀਨ ਦਾ ਕਬਜ਼ਾ ਤਾਂ ਮਿਲ ਗਿਆ, ਪਰ ਪੈਸੇ ਨਾ ਆਉਣ ਕਾਰਨ ਉਸਾਰੀ ਦਾ ਕੰਮ ਲਟਕਿਆ**

ਬਣਨ ਜਾ ਰਹੀ ਹੈ। ਇਸ ਬਿਲਡਿੰਗ ਲਈ ਇਕ ਏਕੜ ਦੇ ਕਰੀਬ ਜ਼ਮੀਨ ਦਾ ਕਬਜ਼ਾ ਵੀ ਲੈ ਲਿਆ ਗਿਆ ਹੈ, ਜਿਸ 'ਤੇ ਉਸਾਰੀ ਲਈ ਇਕ ਕਰੋੜ ਰੁਪਏ ਵੀ ਵਿਭਾਗ ਵੱਲੋਂ ਰਿਲੀਜ਼ ਕਰ ਦਿੱਤੇ ਗਏ ਹਨ। ਇਸ ਸਬੰਧੀ ਜ਼ਿਲ੍ਹਾ ਪੁਲਿਸ ਮੁਖੀ ਕੁਲਦੀਪ ਸਿੰਘ ਚਾਹਲ ਨੇ ਦੱਸਿਆ ਕਿ ਜੁਲਾਈ ਮਹੀਨੇ 'ਚ ਹੀ ਥਾਣਾ ਸੋਹਾਣਾ ਦੀ ਬਿਲਡਿੰਗ ਦੀ ਉਸਾਰੀ ਦਾ ਕੰਮ ਸ਼ੁਰੂ ਹੋ ਜਾਵੇਗਾ, ਜੋ ਕਿ ਕਰੀਬ 1 ਸਾਲ ਦੇ ਸਮੇਂ 'ਚ ਮੁਕੰਮਲ ਕਰ ਲਿਆ ਜਾਵੇਗਾ। ਉਨ੍ਹਾਂ ਦੱਸਿਆ ਕਿ ਜ਼ਿਲ੍ਹੇ 'ਚ ਪੁਲਿਸ ਲਾਈਨ ਬਣਾਉਣ ਲਈ 20 ਏਕੜ ਦੇ ਕਰੀਬ ਜ਼ਮੀਨ ਚਾਹੀਦੀ ਹੈ, ਜਦਕਿ ਗਮਾਡਾ 11 ਏਕੜ ਜ਼ਮੀਨ ਹੀ ਦੇ ਰਿਹਾ ਹੈ, ਲਿਹਾਜਾ ਜ਼ਮੀਨ ਸਬੰਧੀ ਗੱਲਬਾਤ ਚੱਲ ਰਹੀ ਹੈ, ਜਿਸ 'ਚ ਥੋੜ੍ਹਾ ਸਮਾਂ ਲੱਗ ਸਕਦਾ ਹੈ। ਜਾਣਕਾਰੀ ਅਨੁਸਾਰ ਫੇਜ਼-7 'ਚ ਆਰਜ਼ੀ ਤੌਰ 'ਤੇ ਚੱਲ ਰਹੇ ਥਾਣਾ ਮਟੌਰ ਲਈ ਸੈਕਟਰ-71 'ਚ ਜ਼ਮੀਨ ਲੀਜ਼ 'ਤੇ ਲੈ ਕੇ ਕਬਜ਼ਾ ਵੀ ਲੈ ਲਿਆ ਗਿਆ ਸੀ, ਪ੍ਰੰਤੂ ਵਿਭਾਗ ਵੱਲੋਂ ਪੈਸੇ ਨਾ ਆਉਣ ਕਾਰਨ ਹੁਣ ਤੱਕ ਉਕਤ ਜਗ੍ਹਾ 'ਤੇ ਥਾਣੇ ਦੀ ਬਿਲਡਿੰਗ ਦੀ ਉਸਾਰੀ ਨਹੀਂ ਹੋ ਸਕੀ। ਇਸੇ ਤਰ੍ਹਾਂ ਥਾਣਾ ਮੁੱਲਾਂਪੁਰ ਲਈ 1 ਏਕੜ ਦੇ ਕਰੀਬ ਜ਼ਮੀਨ ਲੈ ਲਈ ਗਈ ਹੈ, ਪ੍ਰੰਤੂ ਉਕਤ ਜ਼ਮੀਨ 'ਚੋਂ ਸਲਿੱਪ ਰੋਡ ਨਿਕਲਣ ਕਾਰਨ ਉਸਾਰੀ ਦਾ ਕੰਮ ਸ਼ੁਰੂ ਨਹੀਂ ਹੋ ਸਕਿਆ। ਉੱਧਰ ਪੁਲਿਸ ਵਿਭਾਗ ਵੱਲੋਂ ਗਮਾਡਾ ਨੂੰ



ਜ਼ਿਲ੍ਹਾ ਪੁਲਿਸ ਮੁਖੀ ਕੁਲਦੀਪ ਸਿੰਘ ਚਾਹਲ ਪੁਲਿਸ ਥਾਣਿਆਂ ਸਬੰਧੀ ਜਾਣਕਾਰੀ ਦਿੰਦੇ ਹੋਏ। ਤਸਵੀਰ : ਅਮਰਜੀਤ ਰਤਨ

ਵਾਰ-ਵਾਰ ਸਲਿੱਪ ਰੋਡ ਸਬੰਧੀ ਲਿਖਣ ਦੇ ਬਾਵਜੂਦ ਉਕਤ ਜ਼ਮੀਨ ਦਾ ਕਬਜ਼ਾ ਨਹੀਂ ਦਿਵਾਇਆ ਜਾ ਰਿਹਾ। ਅਜਿਹਾ ਹੀ ਹਾਲ ਅੰਤਰਰਾਸ਼ਟਰੀ ਏਅਰਪੋਰਟ ਦੇ ਬਣਨ ਵਾਲੇ ਥਾਣੇ ਦਾ ਹੈ। ਪੁਲਿਸ ਸੂਤਰਾਂ ਮੁਤਾਬਿਕ ਹਵਾਈ ਅੱਡੇ ਲਈ ਥਾਣਾ ਬਣਾਉਣ ਲਈ ਏਅਰਪੋਰਟ ਅਥਾਰਟੀ ਬਹੁਤ ਘੱਟ ਜ਼ਮੀਨ ਦੇ ਰਹੀ ਹੈ, ਜਦਕਿ ਉਕਤ ਥਾਣੇ ਲਈ ਪੁਲਿਸ ਵਿਭਾਗ ਘੱਟੋ-ਘੱਟ 2 ਕਨਾਲ ਜ਼ਮੀਨ ਦੀ ਮੰਗ ਕਰ ਰਿਹਾ ਹੈ। ਇਸ ਜ਼ਮੀਨ 'ਤੇ ਡੀ. ਐਸ. ਪੀ. ਏਅਰਪੋਰਟ ਦਾ ਦਫ਼ਤਰ, ਥਾਣਾ ਤੇ ਹਵਾਲਾਤ ਬਣਨੀ ਹੈ। ਸੈਕਟਰ-66 ਬੀਟਾ ਏਅਰਪੋਰਟ ਰੋਡ 'ਤੇ ਡੀ. ਐਸ. ਪੀ. ਤੇ ਐਸ. ਪੀ. ਰੈਂਕ ਦੇ ਅਧਿਕਾਰੀਆਂ ਦੀ ਰਿਹਾਇਸ਼ ਲਈ ਜ਼ਮੀਨ ਤਾਂ ਮਿਲ ਗਈ ਹੈ, ਪਰ ਪੈਸਾ ਨਾ ਆਉਣ ਕਾਰਨ ਉਸਾਰੀ ਸ਼ੁਰੂ ਨਹੀਂ ਹੋ ਸਕੀ। ਸੈਕਟਰ-89 'ਚ ਇਕ ਏਕੜ ਦੇ ਕਰੀਬ ਪੁਲਿਸ ਵਿਭਾਗ ਨੂੰ ਜ਼ਮੀਨ ਮਿਲ ਗਈ ਹੈ, ਪਰ

**ਇਹ ਥਾਣੇ ਚੱਲ ਰਹੇ ਨੇ ਆਰਜ਼ੀ ਤੌਰ 'ਤੇ**

ਜ਼ਿਲ੍ਹਾ ਐੱਸ. ਏ. ਐੱਸ. ਨਗਰ 'ਚ ਕਈ ਥਾਣੇ ਆਰਜ਼ੀ ਤੌਰ 'ਤੇ ਚੱਲ ਰਹੇ ਹਨ, ਜਿਨ੍ਹਾਂ 'ਚ ਥਾਣਾ ਬਲੌਂਗੀ, ਥਾਣਾ ਸਿਟੀ ਖਰੜ, ਥਾਣਾ ਨਵਾਂਗਰਾਉਂ, ਥਾਣਾ ਜ਼ੀਰਕਪੁਰ, ਥਾਣਾ ਮਾਜਰੀ, ਥਾਣਾ ਹੰਡੇਸਰਾ ਸਮੇਤ ਕਈ ਚੌਕੀਆਂ ਸ਼ਾਮਿਲ ਹਨ, ਜਿਨ੍ਹਾਂ ਨੂੰ ਹੁਣ ਤੱਕ ਆਪਣੀ ਜ਼ਮੀਨ ਨਸੀਬ ਨਹੀਂ ਹੋਈ।

ਇਥੇ ਵੀ ਪੈਸਾ ਨਾ ਆਉਣ ਕਾਰਨ ਕੰਮ ਸ਼ੁਰੂ ਨਹੀਂ ਹੋ ਸਕਿਆ। ਇਸੇ ਤਰ੍ਹਾਂ ਫੇਜ਼-11 'ਚ ਪੁਲਿਸ ਥਾਣੇ ਲਈ ਜ਼ਮੀਨ ਤਾਂ ਹੈ, ਪਰ ਪੈਸਿਆਂ ਦੀ ਕਮੀ ਕਾਰਨ ਅੱਜ ਤੱਕ ਇਥੇ ਵੀ ਥਾਣੇ ਦੀ ਉਸਾਰੀ ਦਾ ਕੰਮ ਸ਼ੁਰੂ ਨਹੀਂ ਹੋ ਸਕਿਆ। ਥਾਣਾ ਫੇਜ਼-11 ਦੀ ਪੁਲਿਸ ਵੱਲੋਂ ਆਪਣੇ ਤੌਰ 'ਤੇ ਇਥੇ ਥਾਣਾ ਮੁਖੀ ਦਾ ਪੱਕਾ ਕਮਰਾ ਬਣਾਇਆ ਜਾ ਰਿਹਾ ਹੈ। ਉੱਧਰ ਸੈਕਟਰ-69 'ਚ ਡੀ. ਐਸ. ਪੀ. ਸਿਟੀ-2 ਦਾ ਦਫ਼ਤਰ ਬਣਾਉਣ ਲਈ 0.7 ਏਕੜ ਜ਼ਮੀਨ ਲੀਜ਼ 'ਤੇ ਮਿਲ ਗਈ ਹੈ, ਪਰ ਪੈਸਿਆਂ ਦੀ ਕਮੀ ਕਾਰਨ ਇਹ ਜਗ੍ਹਾ ਵੀ ਚਿੱਟਾ ਹਾਥੀ ਸਾਬਿਤ ਹੋ ਰਹੀ ਹੈ। ਲੀਜ਼ ਵਾਲੀ ਜ਼ਮੀਨ 6 ਰੁਪਏ ਗਜ਼ ਦੇ ਹਿਸਾਬ ਨਾਲ ਪੁਲਿਸ ਵਿਭਾਗ ਨੂੰ ਮਿਲੀ ਹੈ। ਸੈਕਟਰ-77 'ਚ 2 ਕਨਾਲ ਜ਼ਮੀਨ 'ਚ ਹੇਠਲੀ ਮੰਜ਼ਿਲ 'ਤੇ ਵੂਮੈਨ ਸੈੱਲ ਤੇ ਉਪਰਲੀ ਮੰਜ਼ਿਲ 'ਤੇ ਈ. ਓ. ਵਿੰਗ ਤਫ਼ਤੀਸ਼ੀ ਤੇ ਈ. ਵਿੰਗ ਕੌਂਸਲਿੰਗ ਦਾ ਦਫ਼ਤਰ ਬਣਨ ਜਾ ਰਿਹਾ ਹੈ। ਪੁਲਿਸ ਸੂਤਰਾਂ ਦਾ ਕਹਿਣਾ ਹੈ ਕਿ ਜ਼ਿਲ੍ਹੇ 'ਚ ਪੁਲਿਸ ਕਰਮਚਾਰੀਆਂ ਦੇ ਰਿਹਾਇਸ਼ੀ ਮਕਾਨਾਂ ਦੀ ਵੀ ਘਾਟ ਹੈ।

# ਦਵਾਈਆਂ ਲੁੱਟਣ ਵਾਲੇ ਗਰੋਹ ਦੇ 6 ਮੈਂਬਰ ਕਾਬੂ

*** ਨਾਜਾਇਜ਼ ਅਸਲੇ ਸਮੇਤ ਲੱਖਾਂ ਰੁਪਏ ਦੇ ਕੈਮੀਕਲ ਨਾਲ ਭਰੇ ਡਰੰਮ ਅਤੇ ਵਾਹਨ ਬਰਾਮਦ**

ਡੇਰਾਬੱਸੀ/ਲਾਲੜੂ, 16 ਸਤੰਬਰ (ਗੁਰਮੀਤ ਸਿੰਘ/ਸ਼ਾਮ ਸਿੰਘ ਸੰਧੂ/ਰਾਜਬੀਰ ਸਿੰਘ)- ਬਰਵਾਲਾ ਸੜਕ 'ਤੇ ਸਥਿਤ ਨੈਕਟਰ ਲਾਈਫ ਸਾਇੰਸਿਜ਼ ਲਿਮਟਡ ਫੈਕਟਰੀ ਦੀ ਦਵਾਈਆਂ ਨਾਲ ਭਰੀਆਂ ਗੱਡੀਆਂ ਲੁੱਟ ਦੇ ਮਾਮਲੇ ਨੂੰ ਮੁਹਾਲੀ ਪੁਲਿਸ ਨੇ ਹੱਲ ਕਰਨ ਦਾ ਦਾਅਵਾ ਕੀਤਾ ਹੈ। ਐੱਸ. ਐੱਸ. ਪੀ. ਮੁਹਾਲੀ ਕੁਲਦੀਪ ਸਿੰਘ ਚਾਹਲ ਵਲੋਂ ਡੇਰਾਬੱਸੀ ਵਿਖੇ ਕੀਤੀ ਪ੍ਰੈੱਸ ਕਾਨਫਰੰਸ ਦੌਰਾਨ ਇਸ ਗੱਲ ਦਾ ਖੁਲਾਸਾ ਕੀਤਾ ਗਿਆ ਹੈ। ਵਾਰਦਾਤਾਂ ਨੂੰ ਅੰਜਾਮ ਦੇਣ ਵਾਲੇ ਗਰੋਹ ਦੇ ਪੁਲਿਸ ਦੇ ਹੱਥੇ ਚੜ੍ਹੇ 6 ਮੈਂਬਰਾਂ ਵਿਚੋਂ ਦੋ ਨੌਜਵਾਨ ਪਹਿਲਾਂ ਉਕਤ ਫੈਕਟਰੀ 'ਚ ਕੰਮ ਕਰ ਚੁੱਕੇ ਹਨ, ਜਿਨ੍ਹਾਂ ਨੇ ਡੇਰਾਬੱਸੀ ਦੇ ਨੇੜਲੇ ਪਿੰਡਾਂ 'ਚ ਰਹਿਣ ਵਾਲੇ ਆਪਣੇ ਸਾਥੀਆਂ ਨਾਲ ਮਿਲ ਕੇ ਮਹਿੰਗੀ ਦਵਾਈਆਂ ਲੁੱਟਣ ਦੀ ਯੋਜਨਾ ਬਣਾਈ ਸੀ। ਇਸ ਮਾਮਲੇ ਨੂੰ ਹੱਲ ਕਰਨ ਵਾਲੀ ਟੀਮ ਦੇ ਇੰਚਾਰਜ ਡੀ. ਐੱਸ. ਪੀ. ਡੇਰਾਬੱਸੀ ਪ੍ਰਸ਼ੋਤਮ ਸਿੰਘ ਬੱਲ, ਲਾਲੜੂ ਦੇ ਥਾਣਾ ਮੁਖੀ ਪੁਸ਼ਪਿੰਦਰ ਸਿੰਘ ਅਤੇ ਲੈਹਲੀ ਚੌਕੀ ਇੰਚਾਰਜ ਅਮਨਦੀਪ ਕੌਰ ਬਰਾੜ ਵੀ ਇਸ ਮੌਕੇ ਹਾਜ਼ਰ ਸਨ, ਜਿਨ੍ਹਾਂ ਨੂੰ ਐੱਸ. ਐੱਸ. ਪੀ. ਨੇ ਬਣਦੀ ਤਰੱਕੀ ਦੇਣ ਦੀ ਸਿਫਾਰਸ਼ ਉੱਚ ਅਧਿਕਾਰੀਆਂ ਨੂੰ ਕਰਨ ਬਾਰੇ ਕਿਹਾ ਹੈ। ਕਾਬੂ ਕੀਤੇ 6 ਮੁਲਜ਼ਮਾਂ ਤੋਂ ਕਰੀਬ 75 ਲੱਖ ਰੁਪਏ ਦਾ ਕੈਮੀਕਲ ਅਤੇ ਲੁੱਟ ਲਈ ਵਰਤੇ ਦੋ ਦੇਸੀ ਕੱਟੇ, ਦੋ ਜ਼ਿੰਦਾ ਕਾਰਤੂਸ, ਆਲਟੋ ਕਾਰ, ਮੋਟਰਸਾਈਕਲ ਵੀ ਬਰਾਮਦ ਕੀਤੇ ਹਨ। ਮੁਲਜ਼ਮਾਂ ਨੂੰ ਅੱਜ ਡੇਰਾਬੱਸੀ ਅਦਾਲਤ 'ਚ ਪੇਸ਼ ਕੀਤਾ, ਜਿੱਥੋਂ ਉਨ੍ਹਾਂ ਨੂੰ ਪੁਲਿਸ ਰਿਮਾਂਡ 'ਤੇ ਭੇਜ ਦਿੱਤਾ। ਮੁਲਜ਼ਮਾਂ ਦੀ ਪਹਿਚਾਣ ਗੁਰਵਿੰਦਰ ਸਿੰਘ, ਲਖਵਿੰਦਰ ਸਿੰਘ ਵਾਸੀ ਪਿੰਡ ਈਸਾਪੁਰ, ਪਿੰਟੂ ਸ਼ਰਮਾ ਪੁੱਤਰ ਮੁੰਨਾ ਸ਼ਰਮਾ ਵਾਸੀ ਪਿੰਡ ਨਗਲਾ ਅੱਡਾ ਥਾਣਾ ਮਘੋਰ ਜ਼ਿਲ੍ਹਾ ਮਥੁਰਾ, ਉੱਤਰ ਪ੍ਰਦੇਸ਼ ਹਾਲ ਵਾਸੀ ਨੇੜੇ ਟੋਰੇਕਸ ਫੈਕਟਰੀ ਘੋਲੂਮਾਜਰਾ ਲਾਲੜੂ, ਅਨਿਲ ਕੁਮਾਰ ਵਾਸੀ ਪਿੰਡਰੀ ਥਾਣਾ ਮਦਨਪੁਰ ਜ਼ਿਲ੍ਹਾ ਦੇਵਰੀਆ ਉੱਤਰ ਪ੍ਰਦੇਸ਼ ਹਾਲ ਵਾਸੀ ਫੋਕਲ ਪੁਆਇੰਟ, ਮੁਬਾਰਿਕਪੁਰ, ਸਤਵੀਰ ਸ਼ਰਮਾ ਜ਼ਿਲ੍ਹਾ ਮਥੁਰਾ ਉੱਤਰ ਪ੍ਰਦੇਸ਼ ਅਤੇ ਗੁਰਪ੍ਰੀਤ ਸਿੰਘ ਵਾਸੀ ਪਿੰਡ ਬਲਾਚੌਰ ਥਾਣਾ ਛਫਰੌਲੀ, ਜਗਾਧਰੀ ਯਮੁਨਾਨਗਰ ਹਰਿਆਣਾ ਦੇ ਰੂਪ ਵਿਚ ਹੋਈ ਹੈ। ਜਾਣਕਾਰੀ ਦਿੰਦੇ ਹੋਏ ਐੱਸ. ਐੱਸ. ਪੀ. ਮੁਹਾਲੀ ਨੇ ਦੱਸਿਆ ਬੀਤੀ 9 ਸਤੰਬਰ ਨੂੰ ਲਾਲੜੂ ਝਰਮਲ ਨਦੀ ਦੇ ਪੁਲ ਕੋਲ ਉਕਤ ਲੁਟੇਰਿਆਂ ਨੇ ਕੈਮੀਕਲ ਲੈ ਕੇ ਜਾ ਰਹੇ ਇਕ ਕੈਂਟਰ ਨੂੰ ਡਰਾਈਵਰ ਸਮੇਤ ਅਗਵਾ ਕੀਤਾ ਸੀ, ਜਿਸ 'ਚ 75 ਲੱਖ ਰੁਪਏ ਦਾ ਮਾਲ ਸੀ। ਕੰਪਨੀ ਮੈਨੇਜਰ ਮਨਜੀਤ ਸਿੰਘ ਦੀ ਸ਼ਿਕਾਇਤ 'ਤੇ ਲਾਲੜੂ ਪੁਲਿਸ ਨੇ ਕੇਸ ਦਰਜ ਕੀਤਾ ਸੀ। ਡੀ. ਐੱਸ. ਪੀ. ਡੇਰਾਬੱਸੀ ਪ੍ਰਸ਼ੋਤਮ ਸਿੰਘ ਬੱਲ ਦੀ ਅਗਵਾਈ ਹੇਠ ਥਾਣਾ ਮੁਖੀ ਲਾਲੜੂ ਅਤੇ ਲੈਹਲੀ ਚੌਕੀ ਇੰਚਾਰਜ ਅਮਨਦੀਪ ਕੌਰ ਬਰਾੜ ਦੀ ਟੀਮ ਬਣਾ ਕੇ ਮਾਮਲੇ ਦੀ ਜਾਂਚ ਸ਼ੁਰੂ ਕਰ ਦਿੱਤੀ ਗਈ ਸੀ। ਇਸ ਦੌਰਾਨ ਪੁਲਿਸ ਨੂੰ ਟਰੱਕ ਜਾਣ ਵਾਲੇ ਰਾਹ 'ਤੇ ਲੱਗੇ ਸੀ. ਸੀ. ਟੀ. ਵੀ. ਕੈਮਰੇ ਦੀ ਫੁਟੇਜ 'ਚ ਸਭ ਤੋਂ ਪਹਿਲਾਂ ਸਬੂਤ ਹੱਥ ਲੱਗਿਆ। ਇਸੇ ਤਰ੍ਹਾਂ ਪੜਤਾਲ ਦੌਰਾਨ ਉਕਤ ਨੌਜਵਾਨਾਂ ਨੇ ਦੱਸਿਆ ਕਿ ਪਹਿਲਾਂ ਦੋ ਵਾਰ ਉਕਤ ਕੰਪਨੀ ਦੀਆਂ ਜੋ ਦਵਾਈਆਂ ਚੋਰੀ ਹੋਈ ਹਨ, ਉਹ ਵੀ ਅਸੀਂ ਹੀ ਕੀਤੀਆਂ ਸਨ। ਵਾਰਦਾਤ ਨੂੰ ਅੰਜਾਮ ਦੇਣ ਤੋਂ ਬਾਅਦ ਚੋਰੀ ਕੀਤੇ ਡਰੰਮ ਅਮਲਾਲਾ ਘੱਗਰ ਨਦੀ ਕੋਲ ਬਣੇ ਪੁਲ ਦੇ ਨੇੜੇ ਤੋਂ ਪੁਲਿਸ ਨੇ ਬਰਾਮਦ ਕੀਤੇ ਹਨ। ਪੁਲਿਸ ਨੇ ਦਾਅਵਾ ਕੀਤਾ ਕਿ ਪੁੱਛਗਿੱਛ ਵਿਚ ਹੋਰ ਵੀ ਅਹਿਮ ਖੁਲਾਸੇ ਹੋ ਸਕਦੇ ਹਨ।



ਮੁਬਾਰਕਪੁਰ ਡੀ. ਐੱਸ. ਪੀ. ਦਫ਼ਤਰ ਵਿਖੇ ਐੱਸ. ਐੱਸ. ਪੀ. ਮੁਹਾਲੀ ਕੁਲਦੀਪ ਸਿੰਘ ਪ੍ਰੈੱਸ ਕਾਨਫਰੰਸ ਨੂੰ ਸੰਬੋਧਨ ਕਰਦੇ ਹੋਏ ਅਤੇ ਪਿੱਛੇ ਖੜ੍ਹੇ ਕਾਬੂ ਕੀਤੇ ਮੁਲਜ਼ਮ। ਤਸਵੀਰ : ਵਿਮਲ ਚੋਪੜਾ

27/7/2017

# ਦਿਨ-ਦਿਹਾੜੇ ਡਕੈਤੀ ਦੀ ਘਟਨਾ ਨੂੰ ਅੰਜਾਮ ਦੇਣ ਵਾਲਾ ਗ੍ਰਿਫ਼ਤਾਰ



ਐੱਸ.ਏ.ਐੱਸ. ਨਗਰ 'ਚ ਪੱਤਰਕਾਰ ਸੰਮੇਲਨ ਦੌਰਾਨ ਬੈਂਕ ਡਕੈਤੀ ਕਰਨ ਵਾਲੇ ਮੁਲਜ਼ਮ ਅਤੇ ਬਰਾਮਦ ਕੀਤੀ ਨਕਦੀ ਤੇ ਹਥਿਆਰ ਸਬੰਧੀ ਜਾਣਕਾਰੀ ਦਿੰਦੇ ਹੋਏ ਜ਼ਿਲ੍ਹਾ ਪੁਲਿਸ ਮੁਖੀ ਕੁਲਦੀਪ ਸਿੰਘ ਚਾਹਲ। *ਤਸਵੀਰ : ਅਮਰਜੀਤ ਸਿੰਘ*

ਐੱਸ.ਏ.ਐੱਸ. ਨਗਰ, 26 ਜੁਲਾਈ (ਕੇ. ਐੱਸ. ਰਾਣਾ)-ਇਥੋਂ ਦੇ ਉਦਯੋਗਿਕ ਖੇਤਰ ਫੇਜ਼-7 'ਚ ਪੈਂਦੇ ਸਟੇਟ ਬੈਂਕ ਆਫ਼ ਇੰਡੀਆ ਤੋਂ ਕੱਲ੍ਹ ਦਿਨ-ਦਿਹਾੜੇ 7 ਲੱਖ 67 ਹਜ਼ਾਰ 500 ਰੁ: ਦੀ ਡਕੈਤੀ ਦੇ ਮਾਮਲੇ 'ਚ ਸਥਾਨਕ ਪੁਲਿਸ ਵੱਲੋਂ ਮੁਲਜ਼ਮ ਨੂੰ ਕਾਬੂ ਕਰਨ 'ਚ ਸਫਲਤਾ ਹਾਸਲ ਕੀਤੀ ਗਈ ਹੈ। ਇਸ ਸਬੰਧੀ ਸੱਦੇ ਪੱਤਰਕਾਰ ਸੰਮੇਲਨ ਦੌਰਾਨ ਜ਼ਿਲ੍ਹਾ ਪੁਲਿਸ ਮੁਖੀ ਕੁਲਦੀਪ ਸਿੰਘ ਚਾਹਲ ਨੇ ਦੱਸਿਆ ਕਿ ਸਟੇਟ ਬੈਂਕ ਆਫ਼ ਇੰਡੀਆ ਤੋਂ ਇਸ ਵਿਅਕਤੀ ਵੱਲੋਂ 7 ਲੱਖ 67 ਹਜ਼ਾਰ 500 ਰੁ: ਲੁੱਟ ਲਏ ਗਏ ਸਨ, ਜਿਸ ਤੋਂ ਬਾਅਦ ਪੁਲਿਸ ਨੇ ਸੂਚਨਾ ਮਿਲਦੇ ਸਾਰੇ ਪੂਰੇ ਸ਼ਹਿਰ 'ਚ ਨਾਕਾਬੰਦੀ ਕਰਕੇ ਉਸ ਦੀ

**ਪੁਲਿਸ ਵੱਲੋਂ ਲੁੱਟ ਦੀ ਰਾਸ਼ੀ ਸਮੇਤ 32 ਬੋਰ ਦੀ ਪਿਸਤੌਲ ਤੇ ਕਾਰ ਬਰਾਮਦ**

ਭਾਲ ਆਰੰਭ ਦਿੱਤੀ ਸੀ। ਉਨ੍ਹਾਂ ਦੱਸਿਆ ਕਿ ਇਸੇ ਦੌਰਾਨ ਸੰਨੀ ਇਨਕਲੇਵ ਦੇ ਵਸਨੀਕ ਮਨਜਿੰਦਰ ਸਿੰਘ ਪੁੱਤਰ ਜਸਵੰਤ ਸਿੰਘ ਨੇ ਕੰਟਰੋਲ ਰੂਮ ਵਿਖੇ ਫ਼ੋਨ ਕਰਕੇ ਆਪਣੀ ਕਾਰ ਖੋਹੇ ਜਾਣ ਦੀ ਸ਼ਿਕਾਇਤ ਕੀਤੀ ਗਈ। ਪੁਲਿਸ ਵੱਲੋਂ ਇਸ ਮਾਮਲੇ ਨੂੰ ਗੰਭੀਰਤਾ ਨਾਲ ਲੈਂਦਿਆਂ ਇਸ ਦੀ ਜਾਂਚ ਸ਼ੁਰੂ ਕਰ ਦਿੱਤੀ ਗਈ ਅਤੇ ਇਹ ਕਾਰ ਨਾਰਥ ਕੰਟਰੀ ਮਾਲ ਦੇ ਨੇੜਿਓਂ ਸ਼ੱਕੀ ਹਾਲਤ 'ਚ ਬਰਾਮਦ ਕਰ ਲਈ। ਉਨ੍ਹਾਂ ਦੱਸਿਆ ਕਿ ਪੁਲਿਸ ਅਤੇ ਫੋਰੈਂਸਿਕ ਲੈਬ ਦੀਆਂ ਟੀਮਾਂ ਨੇ ਜਦੋਂ ਇਸ ਦੀ ਗਹਿਰਾਈ ਨਾਲ ਜਾਂਚ ਸ਼ੁਰੂ ਕੀਤੀ ਤਾਂ ਸਾਹਮਣੇ ਆਇਆ ਕਿ ਮਨਜਿੰਦਰ ਸਿੰਘ ਹੀ ਬੈਂਕ ਡਕੈਤੀ ਦੀ ਕਾਰਵਾਈ ਤੋਂ ਆਪਣੇ ਆਪ ਨੂੰ

(ਬਾਕੀ ਸਫ਼ਾ 6 'ਤੇ)

27/7/2017

# Lawyer masterminds bank robbery to repay 'debt'

## Accused himself called police to inform that his car was stolen to derail probe

**EXPRESS NEWS SERVICE**
MOHALI, JULY 26

A LAWYER, reeling under debt from clients, carried out the robbery at the Phase VII branch of State Bank of India in the Industrial Area here on Tuesday.

Police also recovered the looted Rs 7.67 lakh from the accused along with a .32 bore pistol, the car and a bullet shell. The accused, Manjinder Singh (30), had himself called up police to complain that his car was stolen.

Manjinder is a resident of Sunny Enclave in Kharar. Though the accused practises in the Mohali district courts, he was not doing well. He got married about a year ago and his wife was pregnant. Manjinder obtained his law degree from Panjab University (PU) in 2013 after graduating from Government College in Sector 11, Chandigarh.

The reason for the robbery was said to be a debt on the accused. Manjinder had taken some payment in advance from a client but lost the case following which the latter asked him to return the money. Police, though, were yet to confirm the claims of the accused.

Disclosing more details, Senior Superintendent of Police (SSP) Kuldeep Singh Chahal said after the bank robbery, the accused himself called the police control room to inform that his car was stolen following which the borders of Mohali district were sealed. The call was made to mislead the investigation, claimed the SSP. He added that while Manjinder was fleeing after the robbery, his car hit a pole following which a part of the number plate was damaged and police recovered it from the spot.



**Accused Manjinder Singh (face covered) at the SSP's press conference in Mohali on Wednesday.** *Jasbir Malhi*

"After the call, we started tracing the vehicle as Manjinder Singh had told the police that his car, too, was a Volkswagen. The car used in the crime was also of the same brand. After the call from Manjinder, a member of our police party found an abandoned Volkswagen Zeta car near the North Country Mall in Kharar," added the SSP.

**Police also recovered the looted Rs 7.67 lakh from the accused along with a .32 bore pistol, the car and a bullet shell. The accused, Manjinder Singh (30), had himself called the cops to complain that his car was stolen**

The SSP further revealed that after recovering the car, Manjinder was asked to come and identify the vehicle and questioned as to when and how the car was stolen. But the accused could not give a satisfactory reply. "During questioning, police officers grew suspicious about Manjinder's story. An officer then grilled him and he said that he had masterminded the robbery," said the SSP.

While divulging the plan, the SSP said the accused used to visit the market frequently on work and he knew that the bank did not have any security guard as well as the timings, especially when less people were present in the bank. The accused then decided to strike just after lunch.

Manjinder told the police that he fired two shots outside with his licensed .32 pistol to scare the staff. But the police have recovered one bullet shell from outside the bank. The accused was produced in court and remanded in police custody for two days.

**दंगा खत्म दहशत बरकरार** | डेरामुखी को लेकर तनाव बरकरार, पूरे जिले में अभी भी सुरक्षा के इंतजाम

# बाबा को 20 साल की कैद के बाद मोहाली सील, समर्थक अंडरग्राउंड

### जगह-जगह नाके लगाकर चेक किए जा रहे हैं वाहन, ली जा रही है तलाशी

विनीत राणा | मोहाली
vineet.rana@dbcorp.in

यौन शोषण मामले में डेरा सच्चा सौदा प्रमुख बाबा गुरमीत को दोषी करार किए जाने के बाद 20 साल की सजा सुना दी गई। सुबह से ही इस सुनवाई को लेकर हर किसी की निगाहें टीवी सैट पर लगी थी। पुलिस के लिए भी यह सबसे बड़ी सिरदर्दी थी कि सजा सुनाए जाने के बाद कोई डेरा समर्थक अप्रिय घटना को अंजाम न दे। इसके लिए एसएसपी कुलदीप सिंह चहल की तरफ से गतरात से ही पुख्ता प्रबंध कर दिए गए थे। रातभर में सड़कों को सील कर दिया गया था और चंडीगढ़ के साथ सटे सभी मार्गों व पंजाब के अन्य जिलों के साथ लगने वाले मुख्य मार्गों पर पुलिस फोर्स तैनात की गई थी। हर पॉइंट पर करीब 8 से 10 हथियारबंद मुलाजिम तैनात किए गए थे, जिनका काम था मार्ग से गुजरने वाले हर वाहन चालक व राहगीर पर नजर रखना और बिना चेकिंग जाने नहीं देना।

पुलिस को इस बात का अंदेशा था कि बाबा गुरमीत राम रहीम को जैसे ही सजा सुनाई जाएगी तो उसके मोहाली जिले के समर्थक भड़क न जाएं। इस कारण एसएसपी कुलदीप सिंह चहल की तरफ से मुलाजिमों को हिदायतें दी गई थी कि जो भी वाहन चालक मोहाली जिले में एंटर करे उसके दस्तावेज चेक करने के साथ-साथ वाहन की भी गहनता से चेकिंग की जाए। ताकि कोई शरारती तत्व या डेरा प्रेमी किसी प्रकार की हरकत न कर सके। मुलाजिमों ने अपनी ड्यूटी बखूबी निभाई और परिणाम स्वरूप कोई भी अप्रिय घटना जिले में सुनने में नहीं मिली।

## जिले में लगे कुल 34 नाके



एसएसपी के अनुसार पूरे जिले को पूर्ण रूप से सील किया गया था। मुख्य मार्गों के अतिरिक्त ऐसे मार्ग जो शॉर्टकट हो और अंदर से किसी न किसी पॉइंट पर जुड़ते हों पुलिस ने ऐसे मार्गों को भी कवर किया हुआ था। पूरे जिले में मोहाली पुलिस की तरफ से कुल 34 नाके लगाए गए थे।

## डेरा चर्चा नाम घर सील, लंगर गया था बनकर

पुलिस ने बताया कि पंजाब व हरियाणा हाईकोर्ट के निर्देशों पर मोहाली जिले में चार जगहों खरड़, लालड़ू, डेराबस्सी व बाकरपुर में डेरा सच्चा सौदा के जो चर्चा नाम घर थे उनको पुलिस की तरफ से सील कर दिया गया है। यहां पर कोई भी आपत्तिजनक सामान नहीं मिला लेकिन पंचकूला में जो लाखों की तादाद में समर्थक इकट्ठा हुए थे उनके लिए इन उक्त चर्चा नाम घरों में लंगर तैयार किया गया। पुलिस ने कुछ सामान भी कब्जे में लिया है। इसके अतिरिक्त जिले के जिन डेरा प्रेमियों के घरों में लंगर बनकर पंचकूला डेरा प्रेमियों के लिए पहुंचा था पुलिस उनकी भी लिस्ट तैयार कर रही है।

## मार्केट में भीड़, हर किसी की ज़ुवां पर बाबा की बात

पुलिस की तरफ से मोहाली शहर की मार्केट्स, खरड़, कुराली, जीरकपुर, डेराबस्सी, लालड़ू व जिले के अन्य एरिया की सभी मार्केट्स में पुलिस के जवान सादों कपड़ों में भी तैनात किए गए थे। एसएसपी की तरफ से इसको लेकर स्पेशल अधिकारियों व संबंधित एसएचओज से मीटिंग हुई थी। लोकले पुलिस के 2000 जवानों के अतिरिक्त सेंटर से 8 आर्मी व पैरामिलिट्री फोर्स की कंपनियां मंगवाई गई थी। यह पैरामिलिट्री के जवान जिले के मुख्य मार्गों पर तैनात किए गए थे।

## जिले के हर डेरा समर्थक की लिस्ट एसएसपी के पास

इस समय मोहाली जिले में जितने भी बाबा के समर्थक हैं, उन सबकी लिस्ट एसएसपी ने तैयार करवाई हुई है। करीब एक हजार घरों से ऊपर लिस्ट तैयार हुई है। इनमें कितने फैमिलि मेंबर है यह भी लिस्ट बन चुकी है। गुपचुप तरीके से बनाई गई इस लिस्ट का यह फायदा होगा कि पुलिस को पता चल पाएगा कि कितने लोग पंचकूला गए थे और उनकी 25 अगस्त की टावर लोकेशन कहां की है। उसके बाद जिन लोगों की लोकेशन पंचकूला आएगी उनसे पुलिस पूछताछ कर सकती है। अधिकतर समर्थक जिले के गांवों में रहते हैं और 30 फीसदी शहरों के अलग-अलग सेक्टरों व फेजों में हैं। शहरों में रहने वाले अधिकतर समर्थक बिसजनेसमैन हैं। कई समर्थन अंडरग्राउंड हो गए हैं।

**डेरा प्रेमियों की तैयार की है लिस्ट**

जिले को पूरी तरफ से सील किया गया था। हर प्वाइंट पर पुलिस ने नाका लगाया हुआ था और गहन चैकिंग की जा रही थी। जिले के जितने भी डेरा प्रेमी है उनकी लिस्ट पुलिस ने तैयार की है उनको देखा जा रहा है। डेरा नाम चर्चा घर को सील कर दिया गया है। कुलमिलाकर स्थिति कंट्रोल में थी।
कुलदीप सिंह चहल, एसएसपी मोहाली

दैनिक भास्कर 29/8/17